## ਫਾਰਮ ’ਤੇ

# ਕੀੜੇਮਾਰ ਦਵਾਈਆਂ



**ਕੀੜੇਮਾਰ ਦਵਾਈਆਂ ਬਾਰੇ ਫਾਰਮ ਵਰਕਰ ਦੀ ਗਾਈਡ**

ਇਹ ਕਿਤਾਬਚਾ "ਕੀੜੇਮਾਰ ਦਵਾਈਆਂ ਅਤੇ ਤੁਹਾਡੀ ਸਿਹਤ" ਨਾਲ ਪੜ੍ਹਿਆ ਜਾਣਾ ਚਾਹੀਦਾ ਹੈ – ਜਿਹੜਾ ਕਿ ਕੀੜੇਮਾਰ ਦਵਾਈਆਂ ਨਾਲ ਜੁੜੇ ਹੋਏ ਸਿਹਤ ਖਤਰਿਆਂ ਬਾਰੇ ਦੱਸਦਾ ਹੈ

ਹਰ ਸਾਲ ਬ੍ਰਿਟਿਸ਼ ਕੋਲੰਬੀਆ ਦੇ ਫਾਰਮਾਂ ਵਿਚ ਫਾਰਮਰ ਅਤੇ ਫਾਰਮ ਵਰਕਰ (ਕਾਮੇ) ਕੀੜੇਮਾਰ ਦਵਾਈਆਂ ਨਾਲ ਅਤੇ ਇਨ੍ਹਾਂ ਦੇ ਦੁਆਲੇ ਕੰਮ ਕਰਦੇ ਹਨ। ਕੀੜੇਮਾਰ ਦਵਾਈਆਂ ਦੀਆਂ ਵੱਖ ਵੱਖ ਕਿਸਮਾਂ ਹਨ: ਹਰਬੀਸਾਈਡਜ਼ (ਜੋ ਕਿ ਜੜੀ ਬੂਟੀਆਂ ਮਾਰਦੀਆਂ ਹਨ), ਇਨਸੈਕਟੀਸਾਈਡਜ਼ (ਜੋ ਕਿ ਪਤੰਗਿਆਂ ਨੂੰ ਮਾਰਦੀਆਂ ਹਨ), ਫੰਗੀਸਾਈਡਜ਼ ( ਜੋ ਕਿ ਉੱਲੀ ਨੂੰ ਮਾਰਦੀਆਂ ਹਨ) ਅਤੇ ਹੋਰ ਕੈਮੀਕਲ ਜੋ ਕਿ ਕੀੜਿਆਂ ਨੂੰ ਮਾਰਦੇ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਕੀੜੇਮਾਰ ਦਵਾਈਆਂ ਤੇਜ਼ ਜ਼ਹਿਰਾਂ ਹਨ; ਕੁਝ ਕੈਮੀਕਲ ਕੈਂਸਰ ਦਾ ਕਾਰਨ ਬਣਨ, ਜਣਨ-ਅੰਗਾਂ ਨਾਲ ਸੰਬੰਧਿਤ ਸਮੱਸਿਆਵਾਂ ਪੈਦਾ ਕਰਨ ਅਤੇ ਹੋਰ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰਨ ਵਜੋਂ ਜਾਣੀਆਂ ਜਾਂਦੀਆਂ ਹਨ।

ਕੀੜੇਮਾਰ ਦਵਾਈਆਂ ਦੇ ਸਿਹਤ ਨੂੰ ਖਤਰਿਆਂ ਬਾਰੇ ਹੈਰਾਨੀ ਪ੍ਰਗਟ ਕਰਨ ਵਾਲੇ ਸਾਇੰਸਦਾਨ ਅਕਸਰ ਫਾਰਮਾਂ ਵਿਚ ਕੰਮ ਕਰਨ ਵਾਲੇ ਲੋਕਾਂ ਦਾ ਅਧਿਐਨ ਕਰਦੇ ਹਨ ਕਿਉਂਕਿ ਉਹ ਸ਼ਾਇਦ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਬਹੁਤੇ ਲੋਕਾਂ ਨਾਲੋਂ ਜ਼ਿਆਦਾ ਆਏ ਹੁੰਦੇ ਹਨ। ਇਹ ਖੋਜ ਇਹ ਦਿਖਾਉਂਦੀ ਹੈ ਕਿ ਫਾਰਮਰਾਂ ਅਤੇ ਫਾਰਮ ਵਰਕਰਾਂ (ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮਿਆਂ) ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਕੁਝ ਖਾਸ ਕਿਸਮਾਂ ਦੀਆਂ ਸਿਹਤ ਸਮੱਸਿਆਵਾਂ ਤੋਂ ਪੀੜਤ ਹੋਣ ਦੀ ਸੰਭਾਵਨਾ ਬਹੁਤੇ ਲੋਕਾਂ ਨਾਲੋਂ ਜ਼ਿਆਦਾ ਹੁੰਦੀ ਹੈ, ਜਿਸ ਵਿਚ ਕੈਂਸਰ ਦੀਆਂ ਕੁਝ ਕਿਸਮਾਂ, ਜਣਨ-ਅੰਗਾਂ ਨਾਲ ਸੰਬੰਧਿਤ ਸਮੱਸਿਆਵਾਂ ਅਤੇ ਨਰਵਿਸ ਸਿਸਟਮ ਦੀਆਂ ਬੀਮਾਰੀਆਂ ਸ਼ਾਮਲ ਹਨ।

## *ਫਾਰਮਰ ਅਤੇ ਫਾਰਮਾਂ ਨੂੰ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰ ਧਿਆਨ ਦੇਣ*


ਇਹ ਕਿਤਾਬਚਾ ਫਾਰਮ ਵਰਕਰਾਂ ਲਈ ਲਿਖਿਆ ਗਿਆ ਹੈ – ਪਰ ਸਾਨੂੰ ਆਸ ਹੈ ਕਿ ਇਸ ਦਾ ਫਾਇਦਾ ਫਾਰਮਰਾਂ ਅਤੇ ਫਾਰਮਾਂ ਨੂੰ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ ਨੂੰ ਵੀ ਹੋਵੇਗਾ। ਫਾਰਮਰਾਂ ਨੂੰ ਵੀ ਕੀੜੇਮਾਰ ਦਵਾਈਆਂ ਦੀ ਮਾਰ ਹੇਠ ਆਉਣ ਦਾ ਓਨਾ ਹੀ ਖਤਰਾ ਹੈ ਜਿੰਨਾ ਉਨ੍ਹਾਂ ਦੇ ਵਰਕਰਾਂ ਨੂੰ ਹੈ। ਇਸ ਤੋਂ ਇਲਾਵਾ, ਜ਼ਿੰਮੇਵਾਰ ਫਾਰਮਰ ਅਤੇ ਠੇਕੇਦਾਰ ਇਸ ਕਿਤਾਬਚੇ ਵਿਚਲੀ ਜਾਣਕਾਰੀ ਦੀ ਵਰਤੋਂ ਆਪਣੀਆਂ ਕਨੂੰਨੀ ਜ਼ਿੰਮੇਵਾਰੀਆਂ ਨਿਭਾਉਣ ਲਈ ਵੀ ਕਰ ਸਕਦੇ ਹਨ। ਕਨੂੰਨ ਮੁਤਾਬਕ, ਠੇਕੇਦਾਰ ਅਤੇ ਫਾਰਮਰ ਦੋਨੋਂ ਹੀ ਕੰਮ ਮਾਲਕ (ਇਮਪਲੌਏਅਰ) ਹਨ – ਇਸ ਕਿਤਾਬਚੇ ਵਿਚ ਵਿਚਾਰੀ ਗਈ ਟਰੇਨਿੰਗ, ਸਾਜ਼-ਸਮਾਨ ਦੇਣ ਅਤੇ ਕੰਮ 'ਤੇ ਸੁਰੱਖਿਆ ਦੇ ਕਦਮ ਚੁੱਕਣ ਲਈ ਉਹ ਬਰਾਬਰ ਅਤੇ ਸਾਂਝੇ ਤੌਰ 'ਤੇ ਜ਼ਿੰਮੇਵਾਰ ਹਨ।

ਜਿਨ੍ਹਾਂ ਫਾਰਮਰਾਂ ਨੂੰ ਇਸ ਕਿਤਾਬਚੇ ਵਿਚ ਵਿਚਾਰੀਆਂ ਗਈਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿਚ ਮਦਦ ਦੀ ਲੋੜ ਹੈ, ਉਹ ਵਰਕਸੇਫ ਬੀ ਸੀ ਤੋਂ ਜਾਂ ਫਾਰਮ ਐਂਡ ਰੈਂਚ ਸੇਫਟੀ ਐਸੋਸੀਏਸ਼ਨ ਤੋਂ ਸਹਾਇਤਾ ਲਈ ਅਪਲਾਈ ਕਰ ਸਕਦੇ ਹਨ।

# ਕਿਸ ਨੂੰ ਖਤਰਾ ਹੈ?

ਕੀੜੇਮਾਰ ਦਵਾਈਆਂ ਨਾਲ ਅਤੇ ਇਨ੍ਹਾਂ ਦੇ ਆਲੇ ਦੁਆਲੇ ਕੰਮ ਕਰਦੇ ਹਰ ਵਿਅਕਤੀ ਨੂੰ ਖਤਰਾ ਹੈ, ਭਾਵੇਂ ਉਹ ਇਨ੍ਹਾਂ ਨੂੰ ਹੱਥ ਨਾ ਵੀ ਲਾਉਂਦੇ ਹੋਣ।







ਅਸਲੀਅਤ ਵਿਚ ਜਿਹੜੇ ਵਰਕਰ ਕੀੜੇਮਾਰ ਦਵਾਈਆਂ ਨੂੰ ਹੱਥ ਨਹੀਂ ਲਾਉਂਦੇ, ਉਹ ਕਦੇ ਕਦੇ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਇਨ੍ਹਾਂ ਨੂੰ ਰਲਾਉਣ ਅਤੇ ਛਿੜਕਣ ਵਾਲੇ ਵਰਕਰਾਂ ਨਾਲੋਂ ਜ਼ਿਆਦਾ ਆਉਂਦੇ ਹਨ। ਇਹ ਇਸ ਕਰਕੇ ਹੈ ਕਿਉਂਕਿ ਦਵਾਈਆਂ ਛਿੜਕਣ ਵਾਲਿਆਂ ਕੋਲ ਆਪਣੇ ਆਪ ਨੂੰ ਕੀੜੇਮਾਰ ਦਵਾਈਆਂ ਤੋਂ ਬਚਾਉਣ ਲਈ ਖਾਸ ਸਾਜ਼-ਸਮਾਨ ਅਤੇ ਟਰੇਨਿੰਗ ਹੁੰਦੀ ਹੈ। ਬਹੁਤੇ ਕੇਸਾਂ ਵਿਚ, ਚੁਗਾਈ ਜਾਂ ਛਗਾਂਈ ਕਰਨ ਵਾਲਿਆਂ ਦੀ ਚਮੜੀ, ਦਵਾਈਆਂ ਦਾ ਛਿੜਕਾਅ ਕਰਨ ਵਾਲਿਆਂ ਨਾਲੋਂ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਜ਼ਿਆਦਾ ਆ ਸਕਦੀ ਹੈ ਜਾਂ ਕੀੜੇਮਾਰ ਦਵਾਈਆਂ ਹਵਾ ਰਾਹੀਂ ਉਨ੍ਹਾਂ ਦੇ ਸੰਪਰਕ ਵਿਚ ਜ਼ਿਆਦਾ ਆ ਸਕਦੀਆਂ ਹਨ।

ਫਾਰਮਰਾਂ ਅਤੇ ਫਾਰਮ ਵਰਕਰਾਂ ਦੇ ਘਰਾਂ ਵਿਚ ਕੀੜੇਮਾਰ ਦਵਾਈਆਂ ਦੇ ਪੱਧਰ, ਗੈਰ-ਫਾਰਮਰਾਂ ਦੇ ਘਰਾਂ ਨਾਲੋਂ ਜ਼ਿਆਦਾ ਹੋ ਸਕਦੇ ਹਨ। ਫਾਰਮਰ ਅਤੇ ਵਰਕਰ ਆਪਣੇ ਕੱਪੜਿਆਂ ਅਤੇ ਬੂਟਾਂ ਰਾਹੀਂ ਕੀੜੇਮਾਰ ਦਵਾਈਆਂ ਘਰ ਨੂੰ ਲੈ ਜਾਂਦੇ ਹਨ। ਜਦੋਂ ਉਹ ਘਰ ਆਉਂਦੇ ਹਨ ਤਾਂ ਉਨ੍ਹਾਂ ਦੇ ਕੱਪੜਿਆਂ ਉਪਰ ਲੱਗੀਆਂ ਕੀੜੇਮਾਰ ਦਵਾਈਆਂ ਹੌਲੀ ਹੌਲੀ ਬਿਖਰਨੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਸ ਨਾਲ ਵਰਕਰਾਂ ਦੇ ਪਰਿਵਾਰ ਥੋੜ੍ਹੀ ਮਾਤਰਾ ਵਿਚ ਇਨ੍ਹਾਂ ਨੁਕਸਾਨਦੇਹ ਕੈਮੀਕਲਾਂ ਦੇ ਸੰਪਰਕ ਵਿਚ ਆਉਂਦੇ ਹਨ।

# ਆਪਣੇ ਆਪ ਦੀ ਹਿਫਾਜ਼ਤ ਕਰਨਾ

ਸਾਨੂੰ ਆਸ ਹੈ ਕਿ ਇਹ ਕਿਤਾਬਚਾ, ਫਾਰਮ ਵਰਕਰਾਂ ਦੀ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਤੋਂ ਹਿਫਾਜ਼ਤ ਕਰੇਗਾ। ਇਹ ਉਨ੍ਹਾਂ ਕਦਮਾਂ ਬਾਰੇ ਦੱਸਦਾ ਹੈ ਜਿਹੜੇ ਤੁਸੀਂ ਆਪਣੇ ਆਪ ਦੀ ਸੁਰੱਖਿਆ ਲਈ ਚੁੱਕ ਸਕਦੇ ਹੋ ਅਤੇ ਉਨ੍ਹਾਂ ਕਨੂੰਨਾਂ ਬਾਰੇ ਦੱਸਦਾ ਹੈ ਜਿਨ੍ਹਾਂ ਦੀ ਪਾਲਣਾ ਤੁਹਾਨੂੰ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਤੋਂ ਬਚਾਉਣ ਵਿਚ ਮਦਦ ਲਈ ਤੁਹਾਡੇ ਕੰਮ-ਮਾਲਕ ਲਈ ਕਰਨੀ ਜ਼ਰੂਰੀ ਹੈ।

ਫਾਰਮ ਵਰਕਰ ਮੌਸਮੀ ਕਾਮੇ ਹਨ ਅਤੇ ਅਕਸਰ ਨਵੇਂ ਪ੍ਰਵਾਸੀ ਜਾਂ ਤਾਜ਼ੇ ਇਮੀਗਰਾਂਟ ਹੁੰਦੇ ਹਨ। ਤੁਹਾਨੂੰ ਇਸ ਚੀਜ਼ ਦੀ ਚਿੰਤਾ ਹੋ ਸਕਦੀ ਹੈ ਕਿ ਜੇ ਤੁਸੀਂ ਸ਼ਿਕਾਇਤ ਕੀਤੀ ਜਾਂ ਆਪਣੇ ਕਨੂੰਨੀ ਹੱਕਾਂ ਲਈ ਜ਼ੋਰ ਪਾਇਆ ਤਾਂ ਪਤਾ ਨਹੀਂ ਕੀ ਹੋਵੇਗਾ; ਪਰਵਾਸੀ ਕਾਮੇ ਇਹ ਚਿੰਤਾ ਵੀ ਕਰ ਸਕਦੇ ਹਨ ਕਿ ਜੇ ਉਨ੍ਹਾਂ ਦਾ ਕੰਮ ਖਤਮ ਹੋ ਗਿਆ ਤਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਤੁਸੀਂ ਅਣਸੁਰੱਖਿਅਤ ਕੰਮ ਤੋਂ ਨਾਂਹ ਕਰਨ ਤੋਂ ਵੀ ਡਰ ਸਕਦੇ ਹੋ, ਜੇ ਫਾਰਮ ਜਾਂ ਫਾਰਮਾਂ ਨੂੰ ਲੇਬਰ ਸਪਲਾਈ ਕਰਨ ਵਾਲਾ ਠੇਕੇਦਾਰ ਤੁਹਾਨੂੰ ਬਿਨਾਂ ਟਰੇਨਿੰਗ ਜਾਂ ਹਿਫਾਜ਼ਤ ਦੇ ਕੀੜੇਮਾਰ ਦਵਾਈਆਂ ਨਾਲ ਜਾਂ ਇਨ੍ਹਾਂ ਦੇ ਨੇੜੇ ਕੰਮ ਕਰਨ ਲਈ ਕਹਿੰਦਾ ਹੈ। ਕੀੜੇਮਾਰ ਦਵਾਈਆਂ, ਈ ਆਈ ਲਈ ਯੋਗ ਹੋਣ ਜੋਗਾ ਕੰਮ ਮਿਲਣ ਜਾਂ ਇਹ ਯਕੀਨੀ ਬਣਾਉਣ ਨਾਲੋਂ ਘੱਟ ਸਮੱਸਿਆ ਲੱਗ ਸਕਦੀਆਂ ਹਨ ਕਿ ਅਗਲੇ ਮੌਸਮ ਵਿਚ ਤੁਹਾਨੂੰ ਫਿਰ ਕੰਮ ’ਤੇ ਰੱਖ ਲਿਆ ਜਾਵੇ।

ਜੇ ਤੁਸੀਂ ਅਣਸੁਰੱਖਿਅਤ ਮਹਿਸੂਸ ਕਰੋ ਤਾਂ ਤੁਸੀਂ ਹੀ ਕੁਝ ਕਰਨਾ ਹੈ। ਵਰਕਸੇਫ ਬੀ ਸੀ ਕੋਲ ਇਹ ਪੱਕਾ ਕਰਨ ਲਈ ਵਸੀਲੇ ਨਹੀਂ ਹਨ ਕਿ ਸਾਰੇ ਫਾਰਮ ਕੀੜੇਮਾਰ ਦਵਾਈਆਂ ਨਾਲ ਸੰਬੰਧਿਤ ਨਿਯਮਾਂ ਦੀ ਪਾਲਣਾ ਕਰ ਰਹੇ ਹਨ। ਇਹ ਵਰਕਰਾਂ ਅਤੇ ਹੋਰਨਾਂ ਵਲੋਂ ਮਿਲੀਆਂ ਸ਼ਿਕਾਇਤਾਂ ਦੀ ਪੜਤਾਲ ਕਰਦਾ ਹੈ। ਜੇ ਕੋਈ ਵੀ ਸ਼ਿਕਾਇਤ ਨਾ ਕਰੇ ਤਾਂ ਕੰਮ ਕਰਨ ਦੀਆਂ ਅਣਸੁਰੱਖਿਅਤ ਹਾਲਤਾਂ ਕਿਸੇ ਹੋਰ ਦੀ ਜਾਣਕਾਰੀ ਤੋਂ ਬਿਨਾਂ – ਵਰਕਰਾਂ ਤੋਂ ਇਲਾਵਾ – ਜਾਰੀ ਰਹਿ ਸਕਦੀਆਂ ਹਨ।

ਕੁਝ ਸੁਝਾਅ ਇਹ ਹਨ:

1. **ਆਪਣੇ ਮਾਲਕ ਨਾਲ ਗੱਲ ਕਰੋ।** ਜੇ ਤੁਸੀਂ ਸੁਰੱਖਿਆ (ਸੇਫਟੀ) ਬਾਰੇ ਫਾਰਮਰ, ਜਾਂ ਆਪਣੇ ਲੇਬਰ ਠੇਕੇਦਾਰ ਨਾਲ ਗੱਲਬਾਤ ਕਰਨ ਵਿਚ ਅਰਾਮਦੇਹ ਮਹਿਸੂਸ ਕਰੋ ਤਾਂ ਤੁਹਾਨੂੰ ਅਜਿਹਾ ਕਰਨਾ ਚਾਹੀਦਾ ਹੈ। ਸਿਧਾਂਤਕ ਤੌਰ ’ਤੇ ਫਾਰਮਰ ਗੱਲਬਾਤ ਕਰਨ ਲਈ ਸਭ ਤੋਂ ਬਿਹਤਰ ਵਿਅਕਤੀ ਹੋ ਸਕਦਾ ਹੈ ਕਿਉਂਕਿ ਕੀੜੇਮਾਰ ਦਵਾਈਆਂ ਦੀ ਵਰਤੋਂ ਉੱਪਰ ਉਸ ਦਾ ਸਭ ਤੋਂ ਜ਼ਿਆਦਾ ਕੰਟਰੋਲ ਹੁੰਦਾ ਹੈ; ਪਰ, ਫਾਰਮਰ ਅਤੇ ਠੇਕੇਦਾਰ ਦੋਨੋਂ ਹੀ ਤੁਹਾਡੀ ਸੁਰੱਖਿਆ ਲਈ ਜ਼ਿੰਮੇਵਾਰ ਹਨ, ਇਸ ਕਰਕੇ ਉਸ ਵਿਅਕਤੀ ਨਾਲ ਗੱਲ ਕਰੋ ਜਿਸ ਨਾਲ ਤੁਹਾਡਾ ਬਿਹਤਰ ਕੰਮਕਾਰੀ ਸਬੰਧ ਹੈ।
2. **ਪਹੁੰਚ ਕਰੋ।** ਜੇ ਤੁਸੀਂ ਆਪਣੇ ਕੰਮ-ਮਾਲਕਾਂ ਨਾਲ ਸਿੱਧਾ ਗੱਲਬਾਤ ਕਰਨ ਵਿਚ ਅਰਾਮਦੇਹ ਨਹੀਂ ਮਹਿਸੂਸ ਕਰਦੇ ਤਾਂ ਤੁਹਾਨੂੰ ਇਕੱਲੇ ਹੋਣ ਦੀ ਲੋੜ ਨਹੀਂ ਹੈ। ਜਸਟੀਸੀਆ ਫਾਰ ਮਾਈਗਰਾਂਟ ਵਰਕਰਜ਼ (778-895-5878) ਅਤੇ ਬੀ ਸੀ ਫਡਰੇਸ਼ਨ ਆਫ ਲੇਬਰ (604-430-1421) ਨਾਲ ਗੱਲ ਕਰੋ। ਇਹ ਦੋਨੋਂ ਸੰਸਥਾਵਾਂ,

ਕੰਮਾਂ ਉੱਪਰ ਸਿਹਤ ਅਤੇ ਸੁਰੱਖਿਆ ਦੇ ਮਸਲਿਆਂ ਵਿਰੁੱਧ ਆਪਣੇ ਹੱਕਾਂ ਲਈ ਖੜ੍ਹੇ ਹੋਣ ਵਿਚ ਫਾਰਮ ਵਰਕਰਾਂ ਦੀ ਮਦਦ ਕਰਦੀਆਂ ਹਨ।

3. **ਸ਼ਿਕਾਇਤ।** ਜੇ ਤੁਹਾਡਾ ਕੰਮ-ਮਾਲਕ ਇਸ ਕਿਤਾਬਚੇ ਵਿਚਲੇ ਨਿਯਮਾਂ ਦੀ ਪਾਲਣਾ ਨਹੀਂ ਕਰ ਰਿਹਾ ਤਾਂ ਤੁਸੀਂ ਵਰਕਸੇਫ ਬੀ ਸੀ ਨੂੰ ਸ਼ਿਕਾਇਤ ਕਰ ਸਕਦੇ ਹੋ (ਲੋਅਰ ਮੇਨਲੈਂਡ ਵਿਚ 604-276-3053 'ਤੇ ਜਾਂ 1-800-335-9330)। ਜੇ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ਆਪਣਾ ਨਾਂ ਦੱਸਣ ਦੀ ਲੋੜ ਨਹੀਂ ਹੈ, ਜਾਂ ਤੁਸੀਂ ਇਹ ਕਹਿ ਸਕਦੇ ਹੋ ਕਿ ਤੁਹਾਡਾ ਨਾਂ ਗੁਪਤ ਰੱਖਿਆ ਜਾਵੇ, ਜਾਂ ਕਿਸੇ ਹੋਰ ਤੋਂ ਆਪਣੇ ਲਈ ਸ਼ਿਕਾਇਤ ਕਰਵਾਓ।

4. **ਪਰਵਾਸੀ ਵਰਕਰਾਂ ਲਈ ਚੋਣਾਂ।** ਨੈਸ਼ਨਲ ਸਰਕਾਰਾਂ ਅਕਸਰ ਪਰਵਾਸੀ ਮੌਸਮੀ ਵਰਕਰਾਂ ਨੂੰ ਕੈਨੇਡਾ ਲਿਆਉਣ ਵਿਚ ਮਦਦ ਕਰਦੀਆਂ ਹਨ। ਅਤੇ ਕੋਈ ਸਮੱਸਿਆ ਹੋਣ ਵੇਲੇ ਵੀ ਉਹ ਮਦਦ ਕਰ ਸਕਦੀਆਂ ਹਨ। ਮੈਕਸੀਕਨ ਵਰਕਰ, ਸੁਰੱਖਿਆ ਜਾਂ ਹੋਰ ਮਸਲਿਆਂ ਬਾਰੇ ਵੈਨਕੂਵਰ ਵਿਚਲੇ ਮੈਕਸੀਕਨ ਕੰਸਲੇਟ ਕੋਲ ਸ਼ਿਕਾਇਤ ਕਰ ਸਕਦੇ ਹਨ। ਹੋਰਨਾਂ ਦੇਸ਼ਾਂ ਤੋਂ ਆਏ ਵਰਕਰ ਵੀ ਆਪਣੇ ਦੇਸ਼ ਦੇ ਪ੍ਰਤੀਨਿਧ ਨੂੰ ਕੈਨੇਡਾ ਵਿਚ ਫੋਨ ਕਰ ਸਕਦੇ ਹਨ।

# *ਜਾਣਕਾਰੀ ਅਤੇ ਟਰੇਨਿੰਗ*


ਤੁਹਾਨੂੰ ਇਹ ਜਾਣਨ ਦਾ ਹੱਕ ਹੈ ਕਿ ਤੁਸੀਂ ਕਿਹੜੇ ਖਤਰਨਾਕ ਤੱਤਾਂ ਦੇ ਸੰਪਰਕ ਵਿਚ ਆ ਸਕਦੇ ਹੋ। ਕਨੂੰਨ ਇਹ ਕਹਿੰਦਾ ਹੈ ਕਿ ਫਾਰਮਰਾਂ ਲਈ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਿਤ ਟਰੇਨਿੰਗ ਪ੍ਰੋਗਰਾਮ ਦੇਣੇ ਜ਼ਰੂਰੀ ਹਨ, ਜਿਸ ਵਿਚ ਫਾਰਮ ਵਿਚ ਵਰਤੀਆਂ ਜਾ ਰਹੀਆਂ ਕੀੜੇਮਾਰ ਦਵਾਈਆਂ ਬਾਰੇ ਜਾਣਕਾਰੀ ਅਤੇ ਟਰੇਨਿੰਗ ਵੀ ਸ਼ਾਮਲ ਹੈ। ਵਰਕਰ ਵਜੋਂ ਤੁਹਾਡੇ ਹੱਕਾਂ ਵਿੱਚੋਂ ਇਹ ਹੱਕ ਬਹੁਤ ਮਹੱਤਵਪੂਰਨ ਹੈ - ਕਿਉਂਕਿ ਜੇ ਤੁਹਾਨੂੰ ਇਹ ਪਤਾ ਨਾ ਹੋਵੇ ਕਿ ਤੁਸੀਂ ਕਿਹੜੇ ਖਤਰਿਆਂ ਦੇ ਸੰਪਰਕ ਵਿਚ ਆਵੋਗੇ ਤਾਂ ਤੁਸੀਂ ਆਪਣੀ ਹਿਫਾਜ਼ਤ ਕਿਵੇਂ ਕਰ ਸਕਦੇ ਹੋ?



20 ਫਾਰਮ ਵਰਕਰਾਂ ਨਾਲੋਂ ਘੱਟ ਵਰਕਰ ਰੱਖਣ ਵਾਲੇ ਛੋਟੇ ਫਾਰਮਾਂ ਲਈ, ਅਜਿਹਾ ਕਰਨਾ ਇੰਨਾ ਹੀ ਸੌਖਾ ਹੋ ਸਕਦਾ ਹੈ ਕਿ ਉਹ ਨੇਮ ਨਾਲ ਸਿਹਤ ਅਤੇ ਸੁਰੱਖਿਆ ਦੇ ਮਸਲਿਆਂ ਬਾਰੇ ਗੱਲਬਾਤ ਕਰਨ ਲਈ ਵਰਕਰਾਂ ਨਾਲ ਮਹੀਨਾਵਾਰ ਮੀਟਿੰਗਾਂ ਕਰਨ। 20 ਨਾਲੋਂ ਜ਼ਿਆਦਾ ਫਾਰਮ ਵਰਕਰਾਂ ਵਾਲੇ ਫਾਰਮਰਾਂ ਜਾਂ ਫਾਰਮ ਨੂੰ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ ਨੂੰ ਜ਼ਿਆਦਾ ਰਸਮੀ ਕਿੱਤਾਵਰ ਸਿਹਤ ਅਤੇ ਸੁਰੱਖਿਆ ਦਾ ਪ੍ਰੋਗਰਾਮ ਬਣਾਉਣ ਦੀ ਲੋੜ ਹੁੰਦੀ ਹੈ (ਭਾਵੇਂ ਵਰਕਰ ਇਕ ਨਾਲੋਂ ਜ਼ਿਆਦਾ ਫਾਰਮ ਵਿਚ ਹੋਣ)।

ਸੁਰੱਖਿਆ ਦੀ ਟਰੇਨਿੰਗ ਅਤੇ ਜਾਣਕਾਰੀ ਲੈਣ ਦੇ ਆਪਣੇ ਹੱਕ ਦੇ ਹਿੱਸੇ ਵਜੋਂ, ਵਰਕਰ ਇਨ੍ਹਾਂ ਚੀਜ਼ਾਂ ਲਈ ਹੱਕਦਾਰ ਹਨ:

- ਇਹ ਜਾਣਨ ਦੇ ਹੱਕਦਾਰ ਹਨ ਕਿ ਫਾਰਮ ਵਿਚ ਕਿਹੜੀਆਂ ਕੀੜੇਮਾਰ ਦਵਾਈਆਂ ਵਰਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੇ ਕੀ ਖਤਰੇ ਹਨ। ਇਸ ਵਿਚ "ਮਟੀਰੀਅਲ ਸੇਫਟੀ ਡੈਟਾ ਸ਼ੀਟਸ" ਜਾਂ ਹੋਰ ਪੇਪਰਾਂ ਤੱਕ ਪਹੁੰਚ ਜਿਹੜੇ ਤੁਹਾਨੂੰ ਕੀੜੇਮਾਰ ਦਵਾਈਆਂ ਦੇ ਖਤਰਿਆਂ ਬਾਰੇ ਦੱਸਦੇ ਹਨ;





- ਕੀੜੇਮਾਰ ਦਵਾਈਆਂ ਨਾਲ ਵਰਤਣ, ਸਟੋਰ ਕਰਨ, ਉਨ੍ਹਾਂ ਨੂੰ ਰਲਾਉਣ ਜਾਂ ਛਿੜਕਣ ਦੌਰਾਨ ਉਨ੍ਹਾਂ ਦੇ ਸੰਪਰਕ ਵਿਚ ਆਉਣ ਦੇ ਖਤਰਿਆਂ ਦੇ ਹੱਲ ਲਈ ਟਰੇਨਿੰਗ ਲੈਣ ਦਾ ਹੱਕ; ਅਤੇ
- ਕੀੜੇਮਾਰ ਦਵਾਈਆਂ ਦੇ ਡੁੱਲ੍ਹਣ ਨਾਲ ਸਿੱਝਣ ਜਾਂ ਡਾਕਟਰੀ ਮਦਦ ਦੇ ਐਮਰਜੰਸੀ ਤਰੀਕਿਆਂ ਦੀ ਟਰੇਨਿੰਗ ਦਾ ਹੱਕ।

ਆਪਣੇ ਆਪ ਦੀ ਅਤੇ ਹੋਰ ਵਰਕਰਾਂ ਦੀ ਹਿਫਾਜ਼ਤ ਲਈ ਇਨ੍ਹਾਂ ਕਿਸਮਾਂ ਦੀ ਜਾਣਕਾਰੀ ਅਤੇ ਟਰੇਨਿੰਗ ਦੀਆਂ ਲੋੜਾਂ ਤੁਹਾਡੇ ਲਈ ਮਹੱਤਵਪੂਰਨ ਹਨ।

# ਆਮ ਹਿਫਾਜ਼ਤ

ਬੀ.ਸੀ. ਵਿਚ ਕੋਈ ਵੀ ਵਰਕਰ ਕੰਮ ਕਰਨ ਤੋਂ ਨਾਂਹ ਕਰ ਸਕਦਾ ਹੈ ਜੇ ਉਸ ਕੋਲ ਇਹ ਯਕੀਨ ਕਰਨ ਦਾ ਵਾਜਬ ਆਧਾਰ ਹੋਵੇ ਕਿ ਕੰਮ ਕਿਸੇ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਲਈ ਨਾ-ਵਾਜਬ ਖਤਰਾ ਪੈਦਾ ਕਰਦਾ ਹੈ। *ਦੂਜੇ ਸ਼ਬਦਾਂ ਵਿਚ, ਜੇ ਤੁਸੀਂ ਸੋਚਦੇ ਹੋ ਕਿ ਕੰਮ ਖਤਰਨਾਕ ਹੈ ਤਾਂ ਤੁਸੀਂ ਨਹੀਂ ਕਹਿ ਸਕਦੇ ਹੋ।*

ਕੁਝ ਕੀੜੇਮਾਰ ਦਵਾਈਆਂ ਵਿਚ ਖਤਰਨਾਕ ਤੱਤ ਹੁੰਦੇ ਹਨ ਜਿਹੜੇ:

- ਕੈਂਸਰ ਦਾ ਕਾਰਨ ਬਣਨ ਵਜੋਂ ਜਾਣੇ ਜਾਂਦੇ ਹਨ ਜਾਂ ਇਨ੍ਹਾਂ 'ਤੇ ਕੈਂਸਰ ਦਾ ਕਾਰਨ ਬਣਨ ਦੀ ਸ਼ੱਕ ਕੀਤੀ ਜਾਂਦੀ ਹੈ,
- ਮਨੁੱਖੀ ਜਣਨ-ਅੰਗਾਂ ਦੇ ਸਿਸਟਮਾਂ 'ਤੇ ਅਸਰ ਕਰਨ ਬਾਰੇ ਜਾਣੇ ਜਾਂਦੇ ਹਨ,
- ਵਰਕਰਾਂ ਨੂੰ ਸੰਵੇਦਨਸ਼ੀਲ ਬਣਾਉਣ ਵਾਲਿਆਂ ਵਜੋਂ ਜਾਣੇ ਜਾਂਦੇ ਹਨ ਇਸ ਕਰਕੇ ਉਨ੍ਹਾਂ ਦੇ ਵਾਰ ਵਾਰ ਸੰਪਰਕ ਵਿਚ ਆਉਣ ਕਾਰਨ ਜ਼ਹਿਰਾਂ ਦਾ ਜ਼ਿਆਦਾ ਅਸਰ ਹੋਣ ਦੀ ਸੰਭਾਵਨਾ ਹੈ।

ਇਨ੍ਹਾਂ ਕੇਸਾਂ ਵਿਚ, ਕਨੂੰਨ ਫਾਰਮਾਂ ਤੋਂ ਇਹ ਮੰਗ ਕਰਦੇ ਹਨ ਕਿ ਉਹ ਕੀੜੇਮਾਰ ਦਵਾਈਆਂ ਦੇ ਬਦਲ ਲੱਭਣ ਦੀ ਕੋਸ਼ਿਸ਼ ਕਰਨ। ਜੇ ਮਟੀਰੀਅਲ ਡੈਟਾ ਸੇਫਟੀ ਸ਼ੀਟ ਇਹ ਦੱਸੇ ਕਿ ਕਿਸੇ ਕੀੜੇਮਾਰ ਦਵਾਈ ਤੋਂ ਇਨ੍ਹਾਂ ਵਿੱਚੋਂ ਕੋਈ ਖਤਰਾ ਹੈ ਤਾਂ ਤੁਸੀਂ ਹੋਰ ਸੁਰੱਖਿਅਤ ਚੋਣਾਂ ਲੱਭਣ ਬਾਰੇ ਫਾਰਮਰ ਨਾਲ ਗੱਲਬਾਤ ਕਰ ਸਕਦੇ ਹੋ।

ਜੇ ਕਿਸੇ ਅਜਿਹੀ ਕੀੜੇਮਾਰ ਦਵਾਈ ਲਈ ਕੋਈ ਅਮਲੀ ਬਦਲ ਮੌਜੂਦ ਨਾ ਹੋਵੇ ਤਾਂ ਫਾਰਮਰ ਲਈ "ਸੰਪਰਕ ਕੰਟਰੋਲ ਵਿਉਂਤ" ਤਿਆਰ ਕਰਨੀ ਜ਼ਰੂਰੀ ਹੈ ਜਿਹੜੀ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਦੇ ਪੱਧਰਾਂ ਨੂੰ ਕਨੂੰਨੀ ਤੌਰ 'ਤੇ ਪ੍ਰਵਾਨ ਪੱਧਰ ਤੱਕ ਹੀ ਰੱਖੇਗੀ।

ਅਖੀਰ ਵਿਚ, ਫਾਰਮਰਾਂ ਨੂੰ ਕੀੜੇਮਾਰ ਦਵਾਈਆਂ, ਇਨ੍ਹਾਂ ਨੂੰ ਸਾਂਭਣ ਲਈ ਬਣਾਈਆਂ ਗਈਆਂ ਥਾਂਵਾਂ 'ਤੇ ਰੱਖਣ ਦੀ ਲੋੜ ਹੈ ਜਿਹੜੀਆਂ ਕੰਮ ਅਤੇ ਖਾਣ ਵਾਲੀਆਂ ਥਾਂਵਾਂ ਤੋਂ ਦੂਰ ਹੋਣ ਅਤੇ ਇਨ੍ਹਾਂ ਉੱਪਰ ਸਾਫ ਸਾਫ ਲੇਬਲ ਲੱਗੇ ਹੋਣੇ ਜ਼ਰੂਰੀ ਹਨ। ਜਦੋਂ ਇਨ੍ਹਾਂ ਦੀ ਵਰਤੋਂ ਨਾ ਹੋ ਰਹੀ ਹੋਵੇ ਤਾਂ ਦਵਾਈਆਂ ਵਾਲੇ ਡੱਬਿਆਂ 'ਤੇ ਸਾਫ ਸਾਫ ਲੇਬਲ ਲੱਗੇ ਹੋਣੇ ਚਾਹੀਦੇ ਹਨ ਜਿਹੜੇ ਕੀੜੇਮਾਰ ਦਵਾਈ ਦੀ ਪਛਾਣ ਅਤੇ ਇਨ੍ਹਾਂ ਦੀ ਵਰਤੋਂ ਕਰਨ ਵੇਲੇ ਸੁਰੱਖਿਆ ਲਈ ਸਾਵਧਾਨੀਆਂ ਬਾਰੇ ਦੱਸਦੇ ਹੋਣ।



# ਦਵਾਈਆਂ ਛਿੜਕਣ ਵਾਲੇ ਵਿਅਕਤੀਆਂ ਲਈ ਸੁਰੱਖਿਆ

ਫਾਰਮ ਵਿਚ ਕੀੜੇਮਾਰ ਦਵਾਈਆਂ ਛਿੜਕਣ ਵਾਲਾ ਕੋਈ ਵੀ ਵਿਅਕਤੀ ਸਾਜ਼-ਸਮਾਨ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਵਿਚ ਪੂਰੀ ਤਰ੍ਹਾਂ ਟਰੇਂਡ ਹੋਣਾ ਜ਼ਰੂਰੀ ਹੈ। ਜੇ ਕੋਈ ਖਾਸ ਜ਼ਹਿਰੀਲੀ ਕੀੜੇਮਾਰ ਦਵਾਈ ਵਰਤੀ ਜਾਣੀ ਹੈ ਤਾਂ ਦਵਾਈ ਛਿੜਕਣ ਵਾਲਾ ਵਿਅਕਤੀ 16 ਸਾਲ ਤੋਂ ਜ਼ਿਆਦਾ ਉਮਰ ਦਾ ਅਤੇ ਉਸ ਕੋਲ ਸੂਬਾਈ ਸਰਕਾਰ ਤੋਂ ਕੀੜੇਮਾਰ ਦਵਾਈਆਂ ਛਿੜਕਣ ਦਾ ਸਰਟੀਫਿਕੇਟ ਹੋਣਾ ਜ਼ਰੂਰੀ ਹੈ।

ਫਾਰਮਰ ਲਈ, ਕੀੜੇਮਾਰ ਦਵਾਈਆਂ ਛਿੜਕਣ ਜਾਂ ਕੀੜੇਮਾਰ ਦਵਾਈਆਂ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਪਾਉਣ ਲਈ ਹਿਫਾਜ਼ਤੀ ਕੱਪੜੇ ਦੇਣਾ ਜ਼ਰੂਰੀ ਹੈ। ਜ਼ਿਆਦਾ ਖਤਰਨਾਕ ਕੀੜੇਮਾਰ ਦਵਾਈਆਂ ਲਈ, ਫਾਰਮਰ ਲਈ ਤੁਹਾਨੂੰ ਸਾਹ-ਯੰਤਰ (ਰੈਸਪੀਰੇਟਰ) ਜਾਂ ਸੁਰੱਖਿਆ ਦਾ ਹੋਰ ਸਮਾਨ ਦੇਣਾ ਜ਼ਰੂਰੀ ਹੈ। ਜੇ ਤੁਹਾਨੂੰ ਸੁਰੱਖਿਆ ਲਈ ਸਾਜ਼-ਸਮਾਨ ਦਿੱਤਾ ਗਿਆ ਹੈ ਤਾਂ ਇਸ ਦੀ ਸਹੀ ਤਰ੍ਹਾਂ ਵਰਤੋਂ ਕਰੋ ਅਤੇ ਜੇ ਤੁਹਾਨੂੰ ਪੱਕਾ ਪਤਾ ਨਾ ਹੋਵੇ ਕਿ ਇਸ ਦੀ ਵਰਤੋਂ ਕਿਵੇਂ ਕਰਨੀ ਹੈ ਤਾਂ ਇਸ ਬਾਰੇ ਪੁੱਛੋ।

ਜੇ ਤੁਸੀਂ ਨੇਮ ਨਾਲ ਕੀੜੇਮਾਰ ਦਵਾਈਆਂ ਛਿੜਕਾਉਂਦੇ ਹੋ ਤਾਂ ਫਾਰਮ ਐਂਡ ਰੈਂਚ ਸੇਫਟੀ ਐਂਡ ਹੈਲਥ ਐਸੋਸੀਏਸ਼ਨ (ਫਾਰਸ਼ਾ) ਨੂੰ 604-881-6078 ਜਾਂ 1-877-533-1789 'ਤੇ ਫੋਨ ਕਰੋ ਅਤੇ ਉਨ੍ਹਾਂ ਤੋਂ *ਪੈਸਟੀਸਾਈਡ ਸੇਫਟੀ ਫਾਰ ਐਗਰੀਕਲਚਰਲ ਵਰਕਰਜ਼* ਨਾਂ ਦਾ ਕਿਤਾਬਚਾ ਮੰਗੋ। ਇਹ ਉਸ ਸਾਜ਼-ਸਮਾਨ ਅਤੇ ਸੁਰੱਖਿਆ ਦੇ ਤਰੀਕਿਆਂ ਬਾਰੇ ਦੱਸਦਾ ਹੈ ਜਿਹੜੇ ਕੀੜੇਮਾਰ ਦਵਾਈਆਂ ਛਿੜਕਣ ਵਾਲੇ ਵਿਅਕਤੀਆਂ ਵਲੋਂ ਵਰਤੇ ਜਾਣੇ ਚਾਹੀਦੇ ਹਨ।

# ਚੁਗਾਈ ਕਰਨ ਵਾਲੇ ਲਈ ਸੁਰੱਖਿਆ

ਚੁਗਾਈ ਕਰਨ ਵਾਲੇ ਅਤੇ ਹੋਰ ਵਰਕਰਾਂ ਲਈ ਲੰਮੀਆਂ ਪੈਂਟਾਂ ਅਤੇ ਕਮੀਜ਼ਾਂ ਸਭ ਤੋਂ ਬਿਹਤਰ ਸੁਰੱਖਿਆ ਹਨ। ਦਸਤਾਨੇ (ਗਲੱਵ) ਵਰਤਣੇ ਚੰਗਾ ਹੈ (ਨਿਊਪਰੀਨ ਜਾਂ ਰਬੜ ਦੇ ਦਸਤਾਨੇ ਸਭ ਤੋਂ ਵਧੀਆ ਹਨ)। ਜੇ ਤੁਹਾਡੇ ਕੋਲ ਦਸਤਾਨੇ ਨਹੀਂ ਹਨ ਤਾਂ ਤੁਹਾਨੂੰ ਆਪਣੇ ਹੱਥ ਜਦੋਂ ਵੀ ਸੰਭਵ ਹੋਵੇ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ, ਅਤੇ ਖਾਸ ਕਰਕੇ ਖਾਣ ਤੋਂ ਪਹਿਲਾਂ। ਇਹ ਪੱਕਾ ਕਰੋ ਕਿ ਚੁਗਾਈ ਕਰਨ ਲਈ ਤੁਸੀਂ ਜਿਹੜੇ ਕੱਪੜੇ ਵਰਤਦੇ ਹੋ ਉਹ ਤੁਹਾਡੇ ਆਮ ਕੱਪੜਿਆਂ ਨਾਲੋਂ ਵੱਖਰੇ ਧੋਤੇ ਜਾਣ।

ਕਿਸੇ ਕੀੜੇਮਾਰ ਦਵਾਈ ਦੇ ਛਿੜਕਾਅ ਤੋਂ ਬਾਅਦ 24 ਘੰਟਿਆਂ ਦੇ ਸਮੇਂ ਲਈ ਵਰਕਰਾਂ ਨੂੰ ਖੇਤ ਵਿਚ ਜਾਣ ਦੀ ਆਗਿਆ ਫਾਰਮਰਾਂ ਵਲੋਂ ਕਿਸੇ ਵੀ ਸੂਰਤ ਵਿਚ ਨਹੀਂ ਦਿੱਤੀ ਜਾਣੀ ਚਾਹੀਦੀ। ਜ਼ਿਆਦਾ ਖਤਰਨਾਕ ਕੀੜੇਮਾਰ ਦਵਾਈਆਂ ਲਈ, ਚੁਗਾਈ ਕਰਨ ਵਾਲੇ, ਕੀੜੇਮਾਰ ਦਵਾਈ ਦੇ ਛਿੜਕਾਅ ਤੋਂ ਬਾਅਦ 48 ਘੰਟਿਆਂ ਲਈ ਖੇਤ ਵਿਚ ਨਹੀਂ ਜਾ ਸਕਦੇ, ਅਤੇ ਫਾਰਮਰ ਲਈ ਵਰਤੀ ਗਈ ਕੀੜੇਮਾਰ ਦਵਾਈ ਦਾ ਨੋਟਿਸ ਲਾਉਣਾ ਅਤੇ ਦਾਖਲ ਨਾ ਹੋਣ ਦਾ ਸਮਾਂ ਲਿਖਣਾ ਜ਼ਰੂਰੀ ਹੈ। ਕੁਝ ਕੀੜੇਮਾਰ ਦਵਾਈਆਂ ਲਈ, ਜ਼ਿਆਦਾ ਲੰਮੇ ਸਮੇਂ ਲਈ "ਦਾਖਲਾ ਨਹੀਂ" ਦੇ ਨੋਟਿਸ ਲਾਉਣਾ ਜ਼ਰੂਰੀ ਹੋ ਸਕਦਾ ਹੈ (ਕੀੜੇਮਾਰ ਦਵਾਈ ਦਾ ਲੇਬਲ ਦੇਖੋ)।


ਕਦੇ ਕਦੇ ਕੀੜੇਮਾਰ ਦਵਾਈਆਂ ਨਾਲ ਦੇ ਖੇਤਾਂ ਵਿੱਚੋਂ ਵੀ ਹਵਾ ਨਾਲ ਆ ਸਕਦੀਆਂ ਹਨ। ਕੁਝ ਵਰਕਰ ਆਪਣੇ ਮੂੰਹ ਉੱਪਰ ਰੁਮਾਲ ਜਾਂ ਹੋਰ ਕੱਪੜਾ ਲੈ ਕੇ ਇਸ ਧੁੰਦ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ। ਇਸ ਨਾਲ ਸਾਹ ਰਾਹੀਂ ਅੰਦਰ ਜਾਣ ਵਾਲੀਆਂ ਕੀੜੇਮਾਰ ਦਵਾਈਆਂ ਤੋਂ ਹਿਫਾਜ਼ਤ ਨਹੀਂ ਹੁੰਦੀ। ਜੇ ਕੀੜੇਮਾਰ ਦਵਾਈਆਂ ਤੁਹਾਡੇ ਉੱਪਰ ਆ ਪੈਣ ਤਾਂ ਉਦੋਂ ਤੱਕ ਫੌਰਨ ਉਹ ਥਾਂ ਛੱਡ ਕੇ ਚਲੇ ਜਾਉ ਜਦ ਤੱਕ ਸਪਰੇਅ ਬੰਦ ਨਹੀਂ ਹੋ ਜਾਂਦੀ। ਫਾਰਮਰ ਲਈ ਤੁਹਾਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਕਿਹੜੀ ਕੀੜੇਮਾਰ ਦਵਾਈ ਹੈ ਅਤੇ ਇਸ ਦੇ ਕੀ ਖਤਰੇ ਹਨ, ਅਤੇ ਦਵਾਈ ਦੇ ਹਵਾ ਨਾਲ ਫੈਲਣ ਨੂੰ ਰੋਕਣ ਲਈ ਉਸ ਨੂੰ ਕਦਮ ਚੁੱਕਣੇ ਚਾਹੀਦੇ ਹਨ।



## *ਕੰਮ ’ਤੇ ਸਫਾਈ ਰੱਖਣਾ*

ਕੀੜੇਮਾਰ ਦਵਾਈਆਂ ਤੋਂ ਸੁਰੱਖਿਅਤ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਆਪਣੇ ਆਪ ਨੂੰ ਧੋਣਾ ਹੈ। ਜਿਹੜਾ ਫਾਰਮਰ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਦਾ ਹੈ, ਉਸ ਲਈ ਫਾਰਮ ਵਰਕਰਾਂ ਨੂੰ ਹੱਥ ਧੋਣ ਲਈ ਸਹੂਲਤਾਂ ਅਤੇ ਸਮਾਂ ਦੇਣਾ ਜ਼ਰੂਰੀ ਹੈ। ਕੁਝ ਫਾਰਮਾਂ ਲਈ ਇਹ ਸਾਫ ਪਾਣੀ, ਸਾਬਣ ਅਤੇ ਸਿੰਕ ਹੋ ਸਕਦਾ ਹੈ; ਪਰ ਜੇ ਖਤਰਨਾਕ ਕੀੜੇਮਾਰ ਦਵਾਈਆਂ ਵਰਤੀਆਂ ਜਾ ਰਹੀਆਂ ਹਨ ਤਾਂ ਫਾਰਮਰ ਲਈ ਸੁਰੱਖਿਆ ਦਾ ਸਾਜ਼-ਸਮਾਨ ਦੇਣ ਦੇ ਨਾਲ ਨਾਲ ਢੁਕਵਾਂ ਸ਼ਾਵਰ ਅਤੇ ਕੱਪੜੇ ਬਦਲਣ ਲਈ ਥਾਂਵਾਂ ਦੇਣਾ ਵੀ ਜ਼ਰੂਰੀ ਹੈ। ਜੇ ਤੁਸੀਂ ਕਿਸੇ ਕੀੜੇਮਾਰ ਦਵਾਈ ਦੇ ਸੰਪਰਕ ਵਿਚ ਸਿੱਧੇ ਹੀ ਆਏ ਹੋ ਤਾਂ ਤੁਹਾਨੂੰ ਆਪਣੇ ਆਪ ਨੂੰ ਧੋਣ ਲਈ ਉਡੀਕ ਨਹੀਂ ਕਰਨੀ ਚਾਹੀਦੀ। ਕਨੂੰਨ ਕਹਿੰਦਾ ਹੈ ਕਿ ਵਰਕਰਾਂ ਨੂੰ ਆਪਣੇ ਸਰੀਰ ਦੇ ਸੰਪਰਕ ਵਿਚ ਆਏ ਅੰਗਾਂ ਨੂੰ ਫੌਰਨ ਧੋਣ ਦੀ ਲੋੜ ਹੈ।

ਹਰ ਛੁੱਟੀ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਣਾ ਤੁਹਾਡੀ ਸੁਰੱਖਿਆ ਲਈ ਜ਼ਰੂਰੀ ਹੈ। ਤੁਹਾਨੂੰ ਜਿੰਨਾ ਵੀ ਪਾਣੀ ਵਰਤਣ ਦੀ ਲੋੜ ਹੋਵੇ ਓਨਾ ਪਾਣੀ ਵਰਤੋ।



ਧੋਣ ਲਈ ਸਹੂਲਤਾਂ ਸੁਰੱਖਿਆ ਦੀਆਂ ਬਹੁਤ ਹੀ ਮੁਢਲੀਆਂ ਲੋੜਾਂ ਹਨ ਅਤੇ ਜੇ ਤੁਹਾਡੇ ਕੋਲ ਇਹ ਨਾ ਹੋਣ ਤਾਂ ਤੁਹਾਨੂੰ ਇਸ ਦੀ ਸ਼ਿਕਾਇਤ ਕਰਨੀ ਚਾਹੀਦੀ ਹੈ। ਪਰ, ਜੇ ਤੁਸੀਂ ਸ਼ਿਕਾਇਤ ਨਹੀਂ ਕਰਨੀ ਤਾਂ ਤੁਸੀਂ ਧੋਣ ਲਈ ਚੀਜ਼ਾਂ ਆਪਣੇ ਘਰੋਂ ਲੈ ਕੇ ਆ ਸਕਦੇ ਹੋ। ਜੇ ਫਾਰਮਰ ਪਾਣੀ ਪ੍ਰਦਾਨ ਕਰਦਾ ਹੈ ਪਰ ਸਾਬਣ ਨਹੀਂ - ਤਾਂ ਸਾਬਣ ਆਪਣੇ ਘਰੋਂ ਲੈ ਕੇ ਆਉ। ਜੇ ਪਾਣੀ ਤੱਕ ਪਹੁੰਚ ਨਹੀਂ ਹੈ ਤਾਂ ਤੁਹਾਨੂੰ ਗਿੱਲੇ ਸੁੱਟਣਯੋਗ ਪੂੰਝੇ ਲਿਆਉਣੇ ਅਤੇ ਵਰਤਣੇ ਚਾਹੀਦੇ ਹਨ। ਇਹ ਹੱਥ-ਪੈਰ ਧੋਣ ਲਈ ਕਨੂੰਨ ਵਲੋਂ ਮੰਗੀਆਂ ਜਾਂਦੀਆਂ ਸਹੂਲਤਾਂ ਦਾ ਕੋਈ ਬਦਲ ਨਹੀਂ ਹੈ - ਪਰ ਕੁਝ ਵੀ ਨਾ ਹੋਣ ਨਾਲੋਂ ਇਹ ਬਿਹਤਰ ਹੈ ਅਤੇ ਤੁਹਾਨੂੰ ਆਪਣੇ ਆਪ ਨੂੰ ਉਦੋਂ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ ਜਦੋਂ ਵੀ ਤੁਸੀਂ ਅਜਿਹਾ ਕਰ ਸਕਦੇ ਹੋਵੋ।

## *ਘਰ ਜਾਣਾ*

ਫਾਰਮਰ ਅਤੇ ਫਾਰਮ ਵਰਕਰ ਅਕਸਰ ਕੀੜੇਮਾਰ ਦਵਾਈਆਂ ਕੰਮ ਤੋਂ ਆਪਣੇ ਘਰਾਂ ਵਿਚ ਲੈ ਜਾਂਦੇ ਹਨ। ਅੰਦਰ ਜਾਣ ਤੋਂ ਬਾਅਦ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਉਨ੍ਹਾਂ ਦੇ ਪਰਿਵਾਰ ਵੀ ਆਉਣਗੇ। ਖਤਰਿਆਂ ਨੂੰ ਘਟਾਉਣ ਲਈ ਕੁਝ ਆਮ ਸੁਝਾਅ ਇਹ ਹਨ:

- ਕੰਮ ਛੱਡ ਕੇ ਜਾਣ ਤੋਂ ਪਹਿਲਾਂ ਹੱਥ-ਪੈਰ ਚੰਗੀ ਤਰ੍ਹਾਂ ਧੋਵੋ।
- ਕੰਮ ਵਾਲੇ ਕੱਪੜੇ ਬਦਲੋ - ਘਰ ਵਿਚ ਵੜਨ ਤੋਂ ਪਹਿਲਾਂ ਅਜਿਹਾ ਕਰਨਾ ਚੰਗਾ ਹੈ। ਇਸ ਨਾਲ ਕੱਪੜਿਆਂ 'ਤੇ ਲੱਗੀਆਂ ਕੀੜੇਮਾਰ ਦਵਾਈਆਂ ਘਰ ਵਿਚ ਜਾਣ ਜਾਂ ਆਪਣੇ ਪਿਆਰਿਆਂ ਵਿਚ ਫੈਲਣ ਤੋਂ ਰੋਕਥਾਮ ਹੁੰਦੀ ਹੈ।
- ਕੀੜੇਮਾਰ ਦਵਾਈਆਂ ਨਾਲ ਲਿੱਬੜੇ ਕੱਪੜਿਆਂ ਨੂੰ ਹੋਰ ਕੱਪੜਿਆਂ ਨਾਲੋਂ ਵੱਖਰਾ ਧੋਵੋ। ਇਸ ਨਾਲ ਧੁਆਈ ਦੌਰਾਨ ਆਮ ਕੱਪੜਿਆਂ ਉੱਪਰ ਕੀੜੇਮਾਰ ਦਵਾਈਆਂ ਲੱਗਣ ਤੋਂ ਰੋਕਥਾਮ ਹੁੰਦੀ ਹੈ।
- ਰਿਹਾਇਸ਼ੀ ਥਾਂ 'ਤੇ ਨੇਮ ਨਾਲ ਵੈਕਿਊਮ ਜਾਂ ਪੋਚਾ ਫੇਰੋ - ਆਮ ਸਫਾਈ ਨਾਲ ਕੀੜੇਮਾਰ ਦਵਾਈਆਂ ਦੀ ਰਹਿੰਦ-ਖੂੰਹਦ ਦੀ ਮਾਤਰਾ ਘਟ ਜਾਵੇਗੀ।



# *ਕੀੜੇਮਾਰ ਦਵਾਈਆਂ ਦੀ ਜ਼ਹਿਰ ਚੜ੍ਹਨ ’ਤੇ ਕੀ ਕਰਨਾ ਹੈ?*

ਜੇ ਕਿਸੇ ਨੂੰ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਗੰਭੀਰ ਸਿਹਤ ਸਮੱਸਿਆਵਾਂ ਆ ਰਹੀਆਂ ਹਨ ਤਾਂ:

- ਬੀ ਸੀ ਪੋਆਇਜ਼ਨ (ਜ਼ਹਿਰ) ਕੰਟਰੋਲ ਸੈਂਟਰ ਨੂੰ ਫੌਰਨ ਲੋਅਰ ਮੇਨਲੈਂਡ ਵਿਚ 604-682-5050 ’ਤੇ ਜਾਂ ਬੀ.ਸੀ. ਦੇ ਬਾਕੀ ਇਲਾਕਿਆਂ ਤੋਂ 1-800-567-8911 ’ਤੇ ਫੋਨ ਕਰੋ।
- ਖੇਤਾਂ ਵਿੱਚੋਂ ਹੀ ਫੋਨ ਕਰਨ ਲਈ ਸੈੱਲ ਫੋਨ ਦੀ ਵਰਤੋਂ ਕਰੋ। ਜੇ ਕੋਈ ਵੀ ਅੰਗਰੇਜ਼ੀ ਨਹੀਂ ਬੋਲਦਾ ਤਾਂ ਤੁਸੀਂ 9-1-1 ਨੂੰ ਫੋਨ ਕਰ ਸਕਦੇ ਹੋ ਅਤੇ ਦੋਭਾਸ਼ੀਏ ਲਈ ਕਹਿ ਸਕਦੇ ਹੋ।
- ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ’ਤੇ ਇਲਾਜ ਅਤੇ ਡਾਕਟਰੀ ਮਦਦ ਅਤੇ ਨਿਸ਼ਾਨੀਆਂ ਦਾ ਰਿਕਾਰਡ ਰੱਖਣ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, *ਪੈਸਟੀਸਾਈਡਜ਼ ਐਂਡ ਯੂਅਰ ਹੈਲਥ* ਪੜ੍ਹੋ।

ਜੇ ਤੁਸੀਂ ਕੀੜੇਮਾਰ ਦਵਾਈਆਂ ਕਰਕੇ ਬੀਮਾਰ ਹੋ ਜਾਵੋ ਅਤੇ ਕੰਮ ਨਾ ਕਰ ਸਕੋ ਤਾਂ ਤੁਸੀਂ ਆਪਣੀ ਬੀਮਾਰੀ ਅਤੇ ਆਮਦਨ ਦੇ ਨੁਕਸਾਨ ਲਈ ਵਰਕਸੇਫ ਬੀ ਸੀ ਤੋਂ ਮੁਆਵਜ਼ੇ ਲਈ ਅਪਲਾਈ ਕਰ ਸਕਦੇ ਹੋ। ਇਸ ਦਾ ਫਾਰਮ ਜਾਂ ਫਾਰਮਾਂ ਨੂੰ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰ ਨੂੰ ਕੋਈ ਵੀ ਖਰਚਾ ਨਹੀਂ ਪੈਂਦਾ; (ਭਾਵੇਂ ਕਿ ਉਨ੍ਹਾਂ ਨੂੰ ਇਸ ਚੀਜ਼ ਸਬੰਧੀ ਸਵਾਲ ਪੁੱਛੇ ਜਾ ਸਕਦੇ ਹਨ ਕਿ ਕੀੜੇਮਾਰ ਦਵਾਈਆਂ ਦਾ ਅਸਰ ਕਿਵੇਂ ਹੋਇਆ)।

ਕੀੜੇਮਾਰ ਦਵਾਈਆਂ ਨਾਲ ਕੰਮ ਕਰਨਾ ਬੰਦ ਕਰ ਦੇਣ ਤੋਂ ਬਾਅਦ ਵੀ ਕਦੇ ਕਦੇ ਵਰਕਰਾਂ ਨੂੰ ਜ਼ਿਆਦਾ ਗੰਭੀਰ ਬੀਮਾਰੀਆਂ ਹੋ ਜਾਂਦੀਆਂ ਹਨ (ਜਿਵੇਂ ਕਿ ਕੈਂਸਰ ਜਾਂ ਜਣਨ-ਅੰਗਾਂ ਦੇ ਸਿਸਟਮ ਦੀਆਂ ਸਮੱਸਿਆਵਾਂ)। ਉਹ ਅਜੇ ਵੀ ਮੁਆਵਜ਼ੇ ਲਈ ਕਲੇਮ ਕਰ ਸਕਦੇ ਹਨ ਪਰ ਇਹ ਸਾਬਤ ਕਰਨਾ ਔਖਾ ਹੋ ਸਕਦਾ ਹੈ ਕਿ ਉਸ ਨੂੰ ਬੀਮਾਰੀ ਕੀੜੇਮਾਰ ਦਵਾਈਆਂ ਕਾਰਨ ਲੱਗੀ ਹੈ ਜਿਸ ਦੇ ਸੰਪਰਕ ਵਿਚ ਉਹ ਕੰਮ ਕਰਨ ਦੌਰਾਨ ਆਇਆ ਜਾਂ ਆਈ ਸੀ। ਫਿਰ ਵੀ, ਜਿਹੜੇ ਵਰਕਰ ਕੀੜੇਮਾਰ ਦਵਾਈਆਂ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਲੰਮੀ ਜਾਂ ਗੰਭੀਰ ਬੀਮਾਰੀ ਕਾਰਨ ਕੰਮ ਕਰਨ ਤੋਂ ਅਸਮਰੱਥ ਹੋਣ, ਉਨ੍ਹਾਂ ਨੂੰ ਕਲੇਮ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

# ਜ਼ਿਆਦਾ ਜਾਣਕਾਰੀ ਲਈ

ਇਸ ਕਿਤਾਬਚੇ ਵਿਚਲੀ ਜਾਣਕਾਰੀ, ਬੀ ਸੀ ਵਰਕਰਜ਼ ਕੰਪਨਸੇਸ਼ਨ ਐਕਟ ਵਿਚਲੀ ਜਾਣਕਾਰੀ, ਕਿੱਤਾਵਰ ਸਿਹਤ ਅਤੇ ਸੁਰੱਖਿਆ ਦੇ ਨਿਯਮਾਂ ਅਤੇ ਹੋਰ ਵਸੀਲਿਆਂ ’ਤੇ ਆਧਾਰਿਤ ਹੈ। ਵਿਆਖਿਆ ਕਰਦਾ ਇਕ ਹੋਰ ਰੂਪ, ਮੁਢਲੇ ਸ੍ਰੋਤਾਂ ਸਮੇਤ, http://wcel.org/pesticides ਉੱਪਰ ਵੈੱਸਟ ਕੋਸਟ ਇਨਵਾਰਨਮੈਂਟਲ ਲਾਅ ਦੇ ਵੈੱਬਸਾਈਟ ’ਤੇ ਮੌਜੂਦ ਹੈ।

ਇਹ ਕਿਤਾਬਚਾ ਸਤੰਬਰ 2008 ਤੱਕ ਦੇ ਕਨੂੰਨ ਬਾਰੇ ਜਾਣਕਾਰੀ ਦਿੰਦਾ ਹੈ। ਇਹ ਕੋਈ ਕਨੂੰਨੀ ਸਲਾਹ ਨਹੀਂ ਹੈ, ਅਤੇ ਜੇ ਤੁਹਾਡੀ ਕੋਈ ਖਾਸ ਕਨੂੰਨੀ ਸਮੱਸਿਆ ਹੋਵੇ ਤਾਂ ਕਿਰਪਾ ਕਰਕੇ ਕਿਸੇ ਵਕੀਲ ਨਾਲ ਸੰਪਰਕ ਕਰੋ।

ਵੈੱਸਟ ਕੋਸਟ ਇਨਵਾਰਨਮੈਂਟਲ ਲਾਅ
200 - 2006 West 10th Ave
Vancouver BC V6J 2B3
ਫੋਨ (604) 684 - 7378
ਫੈਕਸ (604) 684 - 1312
ਈ–ਮੇਲ admin@wcel.org

Pesticides on the Farm [Punjabi]